# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿ),
   ਪੰਜਾਬ।
2. ਸਮੂਹ ਸਕੂਲ ਮੁੱਖੀ(ਸੈਸਿ)
   ਪੰਜਾਬ।

ਮੀਮੋ ਨੰ: 10/4-19 **ਸੈਸਿ** (6)| 2019123 06

ਮਿਤੀ **ਐਸ.ਏ.ਐਸ ਨਗਰ** 09-01-2019

ਵਿਸ਼ਾ:- ਵਿੱਦਿਅਕ ਅਦਾਰਿਆਂ ਵਿੱਚ ਕੌਮੀ ਸੇਵਾ ਯੋਜਨਾਂ ਸਕੀਮ ਲਾਗੂ ਕਰਨ ਬਾਰੇ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਰਾਜ ਦੇ ਬਹੁਤ ਸਾਰੇ ਸਕੂਲਾਂ ਦੇ ਅੰਦਰ ਗਿਆਰਵੀਂ ਅਤੇ ਬਾਰਵੀਂ ਦੇ ਲੜਕੇ/ਲੜਕੀਆਂ ਦਾ ਕੌਮੀ ਸੇਵਾ ਯੋਜਨਾ ਸਕੀਮ ਤਹਿਤ ਇਕ ਰੋਜ਼ਾ ਅਤੇ ਦਸ ਰੋਜ਼ਾ ਕੈਂਪ ਲਗਾਏ ਜਾਂਦੇ ਹਨ। ਕੌਮੀ ਸੇਵਾ ਯੋਜਨਾਂ ਤਹਿਤ ਲਗਾਏ ਜਾਣ ਵਾਲੇ ਇੰਨ੍ਹਾਂ ਕੈਂਪਾਂ ਵਿੱਚ ਵਿਦਿਆਰਥੀਆਂ ਨੂੰ ਪਿੰਡ/ਸ਼ਹਿਰ ਦੀਆਂ ਗਲੀਆਂ ਅਤੇ ਕੈਂਪਸ ਦੀ ਸਾਫ ਸਫਾਈ ਦਾ ਕੰਮ ਕਰਵਾਇਆ ਜਾਂਦਾ ਹੈ। ਦਫਤਰ ਨੂੰ ਇਹ ਸੁਝਾਅ ਪ੍ਰਾਪਤ ਹੋਏ ਹਨ ਕਿ ਕੈਂਪ ਦੇ ਵਿਦਿਆਰਥੀਆਂ ਨੂੰ ਇੰਨ੍ਹਾਂ ਕੰਮਾਂ ਦੇ ਨਾਲ-ਨਾਲ ਅੱਜ ਦੀਆਂ ਨਵੀਆਂ ਸਮਾਜਿਕ, ਸਿੱਖਿਅਤ ਲੋੜਾਂ ਅਨੁਸਾਰ ਤਬਦੀਲੀ ਕੀਤੇ ਜਾਣ ਦੀ ਜਰੂਰਤ ਹੈ।ਕੌਮੀ ਸੇਵਾ ਯੋਜਨਾ ਤਹਿਤ ਬਾਕੀ ਗਤੀਵਿਧੀਆਂ ਤੋਂ ਇਲਾਵਾ ਹੇਠ ਲਿਖਿਆਂ ਗਤੀਵਿਧੀਆਂ ਵੀ ਇਹਨਾਂ ਕੈਂਪਾਂ ਵਿੱਚ ਸ਼ਾਮਲ ਹੋਣਗੀਆਂ:-

2.1 ਅਧਿਆਪਕਾਂ ਦੀ ਸਹਾਇਤਾ ਨਾਲ ਕਮਜੋਰ ਬੱਚਿਆਂ ਦੀ ਸ਼ਨਾਖਤ ਕਰਕੇ, ਉਨ੍ਹਾਂ ਨੂੰ ਪੜ੍ਹਾਉਣ ਵਿੱਚ ਸਹਿਯੋਗ ਦਿੱਤਾ ਜਾਵੇ।

2.2 ਕੈਂਪ ਦੇ ਵਿਦਿਆਰਥੀਆਂ ਕੋਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਕਰਕੇ ਉਹਨਾਂ ਨੂੰ ਸਕੂਲ ਦਾਖਲ(Main Stream) ਕਰਵਾਇਆ ਜਾਵੇ।

2.3 ਕੈਂਪ ਦੇ ਵਿਦਿਆਰਥੀਆਂ ਕੋਲੋ ਸਕੂਲ ਦੇ ਛੋਟੀ ਜਮਾਤ ਦੇ ਵਿਦਿਆਰਥੀਆਂ ਦੀ ਸੁੰਦਰ ਲਿਖਾਈ ਸਬੰਧੀ ਬੱਚਿਆਂ ਦੀ ਅਗਵਾਈ ਕੀਤੀ ਜਾਵੇ।

2.4 ਇੰਨ੍ਹਾਂ ਵਿਦਿਆਰਥੀਆਂ ਕੋਲੋ ਸਕੂਲ ਵਿੱਚ ਬੱਚਿਆਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਸਕੂਲ ਦੇ ਸਟਾਫ ਦੀ ਮਦਦ ਨਾਲ ਬੱਚਿਆਂ ਦੀ ਖੇਡਣ ਸਮਰਥਾ ਅਨੁਸਾਰ, ਉਨ੍ਹਾਂ ਦੀ ਖੇਡ ਦੀ ਨਿਸ਼ਾਨਦੇਹੀ ਕਰਦਿਆਂ, ਉਨ੍ਹਾਂ ਨੂੰ ਖੇਡਣ ਦੇ ਸਮਰੱਥ ਬਣਾਇਆ ਜਾਵੇ।

2.5 ਕੈਂਪ ਦੌਰਾਨ ਸਕੂਲ ਦੇ ਛੋਟੀ ਜਮਾਤ ਦੇ ਵਿਦਿਆਰਥੀਆਂ ਤੋਂ ਅਲੱਗ-ਅਲੱਗ ਗਤੀਵਿਧੀਆਂ ਕਰਵਾਉਣਾ ਜਿਵੇਂ ਉਨ੍ਹਾਂ ਇੰਗਲਿਸ਼ ਸਪੀਕਿੰਗ, ਗਰੁੱਪ ਡਿਸਕਸ਼ਨ ਅਤੇ ਸਹਿ ਵਿਦਿਅਕ ਲਈ ਉਤਸਾਹਤ ਕੀਤਾ ਜਾਵੇ।

2.6 ਇਹ ਵਿਦਿਆਰਥੀ ਛੋਟੇ ਬੱਚਿਆਂ ਨੂੰ ਇੰਗਲਿਸ਼ ਦੇ ਨਵੇਂ-ਨਵੇਂ ਸ਼ਬਦ/ ਪਹਾੜੇ ਆਦਿ ਸਿਖਣਾਉਣ ਲਈ ਮਦਦ ਕਰਨਗੇ।

2.7 ਕੈਂਪ ਉਪਰੰਤ NSS ਵਲੰਟੀਅਰ ਨੂੰ ਜੋ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ, ਉਸ ਵਿੱਚ ਕੈਂਪ ਦੌਰਾਨ ਇਹ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦੇ ਆਧਾਰ ਤੇ ਦਰਜਾਬੰਦੀ ਕੀਤੀ ਜਾਵੇ।2.8 ਕੈਂਪ ਵਲੰਟੀਅਰਜ ਤੋਂ ਸਕੂਲ ਵਿੱਚ ਅਜਿਹੀ ਗਤੀਵਿਧੀ ਵੀ ਕਰਵਾਈ ਜਾਵੇ, ਜਿਸ ਨਾਲ ਸਕੂਲ ਦੀ ਦਿਖ ਤੋਂ ਬੱਚਿਆਂ ਨੂੰ ਪੜ੍ਹਨ ਲਈ ਕੁਝ ਹਾਸਲ ਹੁੰਦਾਂ ਹੋਵੇ, ਜਿਵੇ ਕਿ ਕੰਧਾਂ ਅਤੇ ਥਮਲਿਆਂ (Pillars) ਤੇ ਬਾਲਾ(BALA) ਦਾ ਕੰਮ ਕਰਨਾ, ਪੇਂਟ ਅਤੇ ਆਰਟ ਦਾ ਕੰਮ ਕਰਵਾਇਆ ਜਾਵੇ।

2.9 ਬੱਚਿਆਂ ਨੂੰ ਸੱਭਿਆਚਾਰਕ ਗਤੀਵਿਧੀਆਂ ਨਾਲ ਜੋੜਦਿਆਂ ਉਨ੍ਹਾਂ ਅੰਦਰ ਇਹ ਗੁਣਾਂ ਦੀ ਨਿਪੁਣਤਾ ਪੈਦਾ ਕੀਤੀ ਜਾਵੇ।

2.10 ਸਕੂਲ ਦੀ ਲਾਇਬਰੇਰੀ ਦੀ ਸਾਂਭ ਸੰਭਾਲ ਅਤੇ ਫਟੀਆਂ ਕਿਤਾਬਾ ਨੂੰ ਸਿਉਂ ਕੇ ਜਿਲਦਾਂ ਚੜ੍ਹਾਉਣਾ ਦਾ ਕੰਮ ਕੀਤਾ ਜਾਵੇ।

2.11 ਸਰਕਾਰੀ ਸਕੂਲਾਂ ਅੰਦਰ ਮਿਲਦੀਆਂ ਸਹੂਲਤਾਂ, ਦਿੱਤੀ ਜਾ ਰਹੀ ਸਿੱਖਿਆ ਅਤੇ ਵੱਖ-ਵੱਖ ਕਿਰਿਆਵਾਂ ਆਦਿ ਬਾਰੇ ਮਾਪਿਆਂ ਨੂੰ ਜਾਣਕਾਰੀ ਦਿੱਤੀ ਜਾਵੇ।

2.12 ਸਕੂਲ ਅੰਦਰ ਨਵੇਂ ਬੱਚਿਆਂ ਨੂੰ ਦਾਖਲੇ ਲਈ ਉਤਸਾਹਿਤ ਕਰਦਿਆਂ ਗਤੀਵਿਧੀ ਅਧਾਰਿਤ ਕਿਸੇ ਬਾਲ ਮੇਲੇ ਦਾ ਆਯੋਜਨ ਕੀਤਾ ਜਾਵੇ।

3.0 ਉਕਤ ਹੁਕਮਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ